# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ

## (ਆਨਲਾਈਨ Preferences/Choices ਭਰਨ ਲੱਗਿਆਂ ਜ਼ਰੂਰੀ ਹਦਾਇਤਾਂ)

**ਵਿਸ਼ਾ:- ਬੀ.ਐਸ.ਸੀ.ਨਰਸਿੰਗ ਸਾਲ-2025 ਦੇ ਕੋਰਸ ਦੇ ਦਾਖਲਿਆ ਲਈ ਆਨ-ਲਾਈਨ ਕੌਂਸਲਿੰਗ ਦੀ ਪ੍ਰੀਕ੍ਰਿਆ ਸਬੰਧੀ ।**

1. ਮਿਤੀ 27.06.2025 ਤੋਂ 04-07-2025 ਤੱਕ ਉਮੀਦਵਾਰਾ ਤੋਂ ਕਾਲਜ਼/ਕੋਟਾ/ਕੈਟੇਗਰੀ ਦੀ ਤਰਜ਼ੀਹਾਂ (Preferences/Choices) ਆਨ-ਲਾਈਨ ਲਈਆਂ ਜਾਣਗੀਆਂ।
2. ਉਮੀਦਵਾਰਾਂ ਨੂੰ ਉਹਨਾਂ ਦੀ ਮੈਰਿਟ ਅਤੇ ਉਹਨਾਂ ਵੱਲੋਂ ਦਿਤੀ ਗਈ ਕਾਲਜ਼/ਕੋਟਾ/ਕੈਟੇਗਰੀ ਦੀ ਤਰਜ਼ੀਹਾਂ (Preferences/Choices) ਦੇ ਅਨੁਸਾਰ ਕੰਪਿਊਟਰ ਸਾਫਟਵੇਅਰ ਵੱਲੋਂ ਪ੍ਰੋਵਿਜਨਲ ਸੀਟ ਅਲਾਟ ਕੀਤੀ ਜਾਵੇਗੀ। ਅਤੇ ਸੀਟ ਹੇਠ ਲਿਖੇ ਮਾਪ-ਦੰਡ ਦੇ ਅਨੁਸਾਰ ਹੋਵੇਗੀ।
    a. ਉਮੀਦਵਾਰ ਵੱਲੋਂ ਭਰੇ ਗਏ ਡਾਟਾ ਦੇ ਅਧਾਰ ਤੇ ਕੰਪਿਊਟਰ ਸਾਫਟਵੇਅਰ ਵੱਲੋਂ ਪ੍ਰੋਵਿਜਨਲ ਸੀਟ ਅਲਾਟ ਕੀਤੀ ਜਾਵੇਗੀ।
    b. ਜੇਕਰ ਉਮੀਦਵਾਰ ਕਿਸੇ ਕੈਟੇਗਰੀ ਨਾਲ ਸਬੰਧ ਰੱਖਦਾ ਹੈ ਤਾਂ ਪਹਿਲਾਂ ਉਸ ਨੂੰ ਓਪਨ ਕੈਟੇਗਰੀ ਵਿੱਚ ਯੋਗਤਾ ਅਨੁਸਾਰ ਵਿਚਾਰਿਆ ਜਾਵੇਗਾ ਜੇਕਰ ਓਪਨ ਕੈਟੇਗਰੀ ਵਿੱਚ ਸੀਟ ਉਪਲੱਬਧ ਨਹੀ ਹੈ ਤਾ ਉਸ ਨੂੰ ਭਰੀ ਗਈ ਕੈਟੇਗਰੀ ਵਿੱਚ ਉਸਦੀ ਯੋਗਤਾ ਅਨੁਸਾਰ ਵਿਚਾਰਿਆ ਜਾਵੇਗਾ।
    c. ਜੇਕਰ ਉਮੀਦਵਾਰ ਨੇ ਮੈਨੇਜਮੈਂਟ ਕੋਟਾ ਭਰਿਆਂ ਹੈ ਤਾਂ ਪਹਿਲਾ ਉਸਨੂੰ ਗੌਰਮੈਂਟ ਕੋਟੇ ਦੀ ਸੀਟ ਅਲਾਟ ਹੋਵੇਗੀ ਜੇਕਰ ਗੋਰਮੈਂਟ ਕੋਟੇ ਦੀ ਸੀਟ ਖਾਲੀ ਨਹੀ ਹੈ ਤਾਂ ਹੀ ਉਸਨੂੰ ਮੈਨੇਜਮੈਂਟ ਕੋਟੇ ਦੀ ਸੀਟ ਅਲਾਟ ਕੀਤੀ ਜਾਵੇਗੀ।
    d. ਪ੍ਰਾਇਵੇਟ ਕਾਲਜਾਂ ਵਿੱਚ ਗੋਰਮਿੰਟ ਕੋਟਾ ਅਤੇ ਮੈਨਜੇਮੈਟ ਕੋਟੇ ਦੀਆਂ ਟਿਊਸ਼ਨ ਫੀਸਾਂ ਬਰਾਬਰ ਹਨ ਇਸ ਲਈ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਨਲਾਇਨ ਕਾਲਜ਼/ਕੋਟਾ/ਕੈਟੇਗਰੀ ਦੀ ਤਰਜ਼ੀਹਾਂ (Preferences/Choices) ਦੇਣ ਵਾਲੇ ਆਪਣੇ ਮੰਨਪਸੰਦ ਕਾਲਜ ਵਿੱਚ ਮੈਨਜੇਮੈਟ ਕੋਟੇ ਦੀਆਂ (Preferences/Choices) ਵੀ ਭਰਨ। ਉਦਾਹਰਣ ਵਜੋ

| Sr.No. | Name of College | Quota |
|---|---|---|
| 1 | AAAA college of Nursing | Govt. |
| 2 | AAAA college of Nursing | Mgt. |

**ਨੋਟ : ਉਮੀਦਵਾਰ ਆਪਣੀ ਸਬੰਧਤ ਕੈਟਾਗਰੀ(ਜਨਰਲ,ਐੱਸ.ਸੀ,ਬੀ.ਸੀ,ਆਦਿ) ਵਿੱਚ ਗੌਰਮਿਟ ਕੋਟਾ ਅਤੇ ਮੈਨੇਜਮੈਂਟ ਕੋਟੇ ਵਿੱਚ ਵੱਖਰੇ ਤੌਰ ਤੇ ਤਰਜੀਹਾਂ ਦੇਣਗੇ।**

    e. ਮੈਨਜਮੈਟ ਕੋਟੇ ਅਧੀਨ ਸੀਟਾਂ ਸਿਰਫ ਉਹਨਾਂ ਐਸ.ਸੀ. ਉਮੀਦਵਾਰਾਂ ਨੂੰ ਅਲਾਟ ਕੀਤੀਆਂ ਜਾਣਗੀਆਂ ਜਿਹਨਾਂ ਨੇ ਮੈਨਜਮੈਟ ਕੋਟੇ ਅਧੀਨ (Preferences/Choices) ਦਿੱਤੀਆਂ ਹੋਣਗੀਆਂ।

3. ਪ੍ਰੋਵਿਜ਼ਨਲ ਅਲਾਟਮੈਂਟ ਨੂੰ ਯੂਨੀਵਰਸਿਟੀ ਦੀ ਵੈਬ-ਸਾਈਟ ਤੇ ਪ੍ਰਕਾਸ਼ਤ ਕੀਤਾ ਜਾਵੇਗਾ ਅਤੇ ਉਮੀਦਵਾਰ ਨੂੰ ਅਲਾਟ ਕੀਤੇ ਗਏ ਕਾਲਜ਼ ਵਿਖੇ ਆਪਣੇ ਅਸਲ ਦਸਤਾਵੇਜ਼ਾ ਨਾਲ ਕਾਲਜ਼ ਵਿੱਖੇ ਰਿਪੋਰਟ ਕਰਨਾ ਹੋਵੇਗਾ ਜਿਥੇ ਉਸਦੇ ਅਸਲ ਦਸਤਾਵੇਜ਼ਾ ਅਤੇ ਯੋਗਤਾ ਦੀ ਪੜਤਾਲ ਸਬੰਧਤ ਕਾਲਜ਼ ਦੇ ਪ੍ਰਿੰਸੀਪਲ ਵੱਲੋਂ ਗਠਿਤ ਕਮੇਟੀ ਵੱਲੋਂ ਕੀਤੀ ਜਾਵੇਗੀ ਅਤੇ ਯੋਗ ਉਮੀਦਵਾਰ ਵੱਲੋਂ ਯੂਨੀਵਰਸਿਟੀ ਦੀ ਵੈਬਸਾਇਟ ਤੇ ਜਾ ਕੇ Payment Gateway ਰਾਹੀ ਫੀਸ ਭਰੀ ਜਾਵੇਗੀ। ਇਹ ਦਾਖਲਾ ਯੂਨੀਵਰਸਿਟੀ ਵੱਲੋਂ ਉਮੀਦਵਾਰ ਨੂੰ ਰਜਿਸਟਰ ਕਰਨ ਤੱਕ ਆਰਜ਼ੀ ਹੋਵੇਗਾ ।
4. ਦੂਸਰੇ ਰਾਉਂਡ ਦੀ ਆਨ-ਲਾਈਨ ਕਾਉਸਲਿੰਗ ਲਈ ਉਮੀਦਵਾਰਾਂ ਤੋਂ ਦੁਬਾਰਾ ਕਾਲਜ਼/ਕੋਟਾ/ਕੈਟੇਗਰੀ ਦੀ ਤਰਜ਼ੀਹਾਂ (Preferences/Choices) ਦੀ ਮੰਗ ਆਨ-ਲਾਈਨ ਕੀਤੀ ਜਾਵੇਗੀ।
5. ਜਿਹੜੇ ਉਮੀਦਵਾਰ ਪਹਿਲੀ ਕੋਸਲਿੰਗ ਦੌਰਾਨ ਅਲਾਟ ਹੋਈ ਸੀਟ ਤੋਂ ਸੰਤੁਸ਼ਟ ਸਨ, ਉਨ੍ਹਾਂ ਨੂੰ ਨਵੇਂ ਵਿਕਲਪ/ ਤਰਜ਼ੀਹਾਂ (Preferences/Choices) ਦੀ ਲੋੜ ਨਹੀਂ ਹੈ।
6. ਉਮੀਦਵਾਰਾਂ ਨੂੰ ਉਹਨਾਂ ਦੀ ਮੈਰਿਟ ਅਤੇ ਉਹਨਾਂ ਵੱਲੋਂ ਦਿਤੀ ਗਈ ਕਾਲਜ਼/ਕੋਟਾ/ਕੈਟੇਗਰੀ ਦੀ ਤਰਜ਼ੀਹਾਂ (Preferences/Choices) ਦੇ ਅਨੁਸਾਰ ਸੀਟ ਉਪਲੱਬਧ ਹੋਣ ਤੇ ਕੰਪਿਊਟਰ ਸਾਫਟਵੇਅਰ ਵੱਲੋਂ ਪ੍ਰੋਵਿਜ਼ਨਲ ਸੀਟ ਅਲਾਟ ਕੀਤੀ ਜਾਵੇਗੀ।
7. ਦਾਖਲ ਹੋਏ ਉਮੀਦਵਾਰ ਨੂੰ ਯੂਨੀਵਰਸਿਟੀ ਦੇ ਆਨ ਲਾਇਨ ਪੋਰਟਲ ਤੇ ਟਿਊਸ਼ਨ ਫੀਸ ਜਮਾ ਕਰਵਾਉਣੀ ਲਾਜਮੀ ਹੈ। ਯੋਗਤਾ ਅਤੇ ਮੈਡੀਕਲ ਜਾਂਚ ਲਈ ਕਾਲਜ ਨੂੰ ਰਿਪੋਰਟ ਕਰਨੀ ਜਰੂਰੀ ਹੈ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੀਟ ਦੀ ਉਮੀਦਵਾਰੀ ਰੱਦ ਹੋ ਜਾਵੇਗੀ।

ਆਨਲਾਈਨ Preferences/Choices ਭਰਨ ਦੀਆਂ ਜ਼ਰੂਰੀ ਹਦਾਇਤਾਂ ਨੂੰ ਉਮੀਦਵਾਰਾਂ ਦੀ ਜਾਣਕਾਰੀ ਲਈ ਆਨ ਲਾਇਨ ਕੋਸਲਿੰਗ ਕਰਵਾਉਣ ਲਈ Hire ਕੀਤੀ ਗਈ ਏਜੰਸੀ ਨੂੰ ਭੇਜਣ ਦੀ ਆਗਿਆ ਦਿੱਤੀ ਜਾਵੇ ਜੀ।